## ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 27 ਮਾਰਚ, 2018 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬਾਅਦ ਦੁਪਹਿਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਸੇਵਾ ਕੇਂਦਰਾਂ ਨੂੰ ਬੰਦ ਕਰਨਾ

167. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਵਲੋ ਉਨਾਂ 67 ਸੇਵਾ ਕੇਂਦਰਾਂ ਨੂੰ ਬੰਦ ਕਰਨ ਦਾ ਹੁਕਮ ਜਾਰੀ ਕੀਤਾ ਹੈ ਜਿਥੇ ਆਮਦਨ ਘੱਟ ਅਤੇ ਖਰਚਾ ਜਿਆਦਾ ਸੀ ?

ਅ) ਕੀ ਇਹ ਵੀ ਠੀਕ ਹੈ ਕਿ ਅਕਾਲੀ-ਭਾਜਪਾ ਸਰਕਾਰ ਵਲੋ ਸੇਵਾ ਕੇਂਦਰ ਚਲਾਉਣ ਵਾਲੀ ਪ੍ਰਾਈਵੇਟ ਕੰਪਨੀ ਨਾਲ ਕੀਤੇ ਲਿਖਤੀ ਸਮਝੌਤੇ ਦੀ ਸ਼ਰਤ ਅਨੁਸਾਰ ਜੇਕਰ ਕੋਈ ਸੇਵਾ ਕੇਂਦਰ ਸਮਝੌਤੇ ਵਿਚ ਦਰਜ ਸਮੇਂ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਬੰਦ ਕੀਤਾ ਜਾਂਦਾ ਹੈ ਤਾਂ ਉਸ ਦੇ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਵਲੋ ਕੀਤੀ ਜਾਵੇਗੀ ?

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿਚ ਹੋਵੇ ਤਾਂ ਕੀ 67 ਸੇਵਾ ਕੇਂਦਰਾਂ ਨੂੰ ਸਮੇਂ ਤੋਂ ਪਹਿਲਾਂ ਬੰਦ ਕਰਨ ਬਦਲੇ ਪੰਜਾਬ ਸਰਕਾਰ ਨੂੰ 125 ਕਰੋੜ ਰੁਪਏ ਦਾ ਹਰਜਾਨਾ ਨਹੀ ਭਰਨਾ ਪਵੇਗਾ?

ਸ) ਉਪਰੋਕਤ ਬੰਦ ਕੀਤੇ ਜਾਣ ਵਾਲੇ ਸੇਵਾ ਕ੍ਰੇਦਰਾਂ ਵਿਚ ਕੰਮ ਕਰਦੇ ਮੁਲਾਜਮਾਂ ਨੂੰ ਬੇਰੋਜ਼ਗਾਰੀ ਤੋਂ ਬਚਾਉਣ ਬਾਰੇ ਪੰਜਾਬ ਸਰਕਾਰ ਨੇ ਕੀ ਸੋਚਿਆ ਹੈ?

### ਟਰੈਕਟਰ ਉੱਤੇ ਟਰਾਂਸਪੋਰਟ ਟੈਕਸ ਲਗਾਉਣ ਸਬੰਧੀ ਸੋਧ

168. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੇਂਦਰ ਸਰਕਾਰ ਵਲੋਂ ਸੈਂਟਰਲ ਮੋਟਰ ਵਹੀਕਲ ਐਕਟ 1989 ਵਿੱਚ ਟਰੈਕਟਰ ਉਤੇ ਟਰਾਂਸਪੋਰਟ ਟੈਕਸ ਲਗਾਉਣ ਸਬੰਧੀ ਸੋਧ ਕਰਨ ਬਾਰੇ ਪੰਜਾਬ ਸਰਕਾਰ ਪਾਸੋਂ 26 ਅਕਤੂਬਰ 2017 ਤੱਕ ਸੁਝਾਅ/ਇਤਰਾਜ ਮੰਗੇ ਗਏ ਸਨ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਵਲੋ ਭੇਜੇ ਗਏ ਜਵਾਬ ਦੀ ਕਾਪੀ ਦਿੱਤੀ ਜਾਵੇ?

### ਅਣਅਧਕਾਰਿਤ ਸ਼ਰਾਬ ਦੇ ਠੇਕੇ ਜਾਂ ਡੱਬਾ ਡਿਲਵਰੀ ਰਾਹੀਂ ਵੇਚੀ ਜਾ ਰਹੀ ਸ਼ਰਾਬ ਨੂੰ ਬੰਦ ਕਰਨਾ

169. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਖਰੀਦ ਕੇਂਦਰਾਂ ਦੇ ਨੇੜੇ ਝੋਨੇ ਦੇ ਸੀਜ਼ਨ ਦੌਰਾਨ ਅਣਅਧਿਕਾਰਤ ਸ਼ਰਾਬ ਦੇ ਠੇਕੇ ਜਾਂ ਡੱਬਾ ਡਲਿਵਰੀ ਰਾਹੀਂ ਸ਼ਰਾਬ ਵੇਚੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਨੇ ਇਸ ਸਬੰਧ ਵਿਚ ਕੀ ਕਾਰਵਾਈ ਕੀਤੀ ਹੈ?

### ਪੰਜਾਬ ਦੀਆਂ ਰੈਡ ਕਰਾਸ ਸੁਸਾਇਟੀਆਂ ਵਿੱਚ ਫੰਡਾਂ ਦੀ ਦੁਰਵਰਤੋਂ

170. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਪੜਤਾਲ ਦੌਰਾਨ ਪਜਾਬ ਦੀਆਂ ਸਾਰੀਆਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀਆਂ ਵਿਚ ਵੱਡੀ ਪੱਧਰ ਤੇ ਫੰਡਜ਼ ਦੀ ਦੁਰਵਰਤੋਂ ਪਾਈ ਗਈ ਸੀ ?

ਅ) ਕੀ ਇਹ ਵੀ ਠੀਕ ਹੈ ਕਿ ਕਰੀਬ 5-6 ਸਾਲ ਪਹਿਲਾਂ ਤਤਕਾਲੀ ਮੁੱਖ ਮੰਤਰੀ, ਪੰਜਾਬ ਵਲੋ ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਸਖਤ ਆਦੇਸ਼ ਜਾਰੀ ਕੀਤੇ ਸਨ ਕਿ ਜ਼ਿਲ੍ਹਾ ਰੈਡ ਕਰਾਸ ਸੁਸਾਇਟੀਆਂ ਲਈ ਕਿਸੇ ਕਿਸਮ ਦਾ ਫੰਡ ਜਬਰੀ ਇਕੱਠਾ ਨਾ ਕੀਤਾ ਜਾਵੇ;

ੲ) ਕੀ ਇਹ ਵੀ ਠੀਕ ਹੈ ਕਿ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿਚ ਹੁਣ ਵੀ ਅਸਲਾ ਲਾਇਸੈਂਸ ਬਨਾਉਣ ਵਾਲਿਆਂ ਪਾਸੋਂ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਦੇ ਨਾਮ ਤੇ 10,000/ ਰੁਪਏ ਤੋਂ 20,000/-ਰੁਪਏ ਤੱਕ ਜਬਰੀ ਦਾਨ ਦੀ ਪਰਚੀ ਕੱਟੀ ਜਾ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਹੁਣ ਲਏ ਜਾ ਰਹੇ ਜਬਰੀ ਦਾਨ ਲਈ ਕਿਹੜੇ ਕਿਹੜੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਜਿੰਮੇਵਾਰ ਹਨ?

### ਰਾਜ ਵਿੱਚ ਸਰਕਾਰੀ ਕਾਲਜਾਂ ਦਾ ਵੇਰਵਾ

184. **ਸਰਦਾਰ ਬਲਦੇਵ ਸਿੰਘ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿਚ ਕਿੰਨੇ ਸਰਕਾਰੀ ਕਾਲਜ ਆਉਂਦੇ ਹਨ ਅਤੇ ਉਨ੍ਹਾਂ ਦੇ ਵੇਰਵੇ ਕੀ ਹਨ;

ਅ) ਉਪਰੋਕਤ ਸਰਕਾਰੀ ਕਾਲਜਾਂ ਵਿਚ ਵਿਸ਼ਾ ਵਾਰ ਕਿੰਨੀਆ-ਕਿੰਨੀਆ ਅਸਾਮੀਆਂ ਮਨਜ਼ੂਰ ਸ਼ੁਦਾ ਹਨ ਅਤੇ ਕਿੰਨੀਆਂ-ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ;

ੲ) ਉਪਰੋਕਤ ਕਾਲਜਾਂ ਵਿਚ ਕਿੰਨੇ ਪ੍ਰਕਾਰ ਦੇ ਵਿਸ਼ਾ ਵਾਰ ਟੀਚਰ ਪੜ੍ਹਾਉਂਦੇ ਹਨ ਅਤੇ ਕਿਹੜੇ-ਕਿਹੜੇ ਹੈੱਡ ਅਧੀਨ ਕੰਮ ਕਰਦੇ ਹਨ;

ਸ) ਉਪਰੋਕਤ ਕਾਲਜਾਂ ਵਿਚ ਕਾਲਜ ਵਾਰ ਵਿਦਿਆਰਥੀਆਂ ਦੀ ਗਿਣਤੀ ਕਿੰਨੀ ਹੈ ਅਤੇ ਮੌਜੂਦਾ ਅਧਿਆਪਕ ਵਿਦਿਆਰਥੀ ਅਨੁਪਾਤ ਕਿੰਨਾ ਹੈ;

ਹ) ਉਪਰੋਕਤ ਕਾਲਜਾਂ ਵਿਚ ਆਖਰੀ ਵਾਰ ਅਧਿਆਪਕਾਂ ਦੀ ਭਰਤੀ ਕਦੋਂ ਹੋਈ ਸੀ, ਭਰਤੀ ਦਾ ਵੇਰਵਾ ਇਸ਼ਤਿਹਾਰ ਜਾਰੀ ਹੋਣ ਤੋਂ ਸਿਲੈਕਸ਼ਨ ਲਿਸਟ ਜਾਰੀ ਹੋਣ ਤੱਕ ਦਾ ਦਿੱਤਾ ਜਾਵੇ;

ਕ) ਇਸ ਸਬੰਧੀ ਮਾਣਯੋਗ ਹਾਈ ਕੋਰਟ ਤੇ ਸੁਪਰੀਮ ਕੋਰਟ ਵਿਚ ਚਲਦੇ ਕੇਸਾਂ ਦਾ ਵੇਰਵਾ ਦਿੱਤਾ ਜਾਵੇ;

ਖ) ਕੀ ਕਾਲਜ ਕੇਡਰ ਦੀ ਭਰਤੀ ਉੱਤੇ ਸਰਕਾਰ ਵੱਲੋਂ ਕੋਈ ਰੋਕ ਲਗਾਈ ਗਈ ਹੈ; ਜੇਕਰ ਲਗਾਈ ਗਈ ਹੈ ਤਾਂ ਉਸਦੇ ਕੀ ਕਾਰਨ ਹਨ?

### ਜੀ.ਐਨ.ਡੀ.ਯੂ. ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅਸਾਮੀਆਂ ਦੀ ਗਿਣਤੀ

187. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜੀ.ਐਨ.ਡੀ.ਯੂ. ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਕੰਮ ਕਰ ਰਹੇ ਟੀਚਿੰਗ, ਨਾਨ-ਟੀਚਿੰਗ ਅਤੇ ਪੈਰਾ-ਮੈਡੀਕਲ ਸਟਾਫ ਦੀ ਕੁੱਲ ਸ਼੍ਰੇਣੀਵਾਰ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਵਿੱਚ ਖਾਲੀ ਪਈਆਂ ਅਸਾਮੀਆਂ ਦੀ ਸ਼੍ਰੇਣੀਵਾਰ ਕੁੱਲ ਗਿਣਤੀ ਕਿੰਨੀ ਹੈ;

ਅ) ਇਨ੍ਹਾਂ ਯੂਨੀਵਰਸਿਟੀਆਂ ਵਿੱਚ ਉਕਤ ਸ਼੍ਰੇਣੀਆਂ (ਸ਼੍ਰੇਣੀ-ਵਾਰ) ਨੂੰ ਮਹੀਨਾਵਾਰ ਸਕੱਤਰੇਤ ਭੱਤਾ, ਸਵਾਰੀ ਭੱਤਾ ਅਤੇ ਦੂਸਰੇ ਹੋਰ ਭੱਤੇ, ਜੇਕਰ ਕੋਈ ਦਿੱਤੇ ਜਾਂਦੇ ਹਨ, ਕਿੰਨੇ-ਕਿੰਨੇ ਹਨ?

ਚੰਡੀਗੜ੍ਹ
ਮਿਤੀ 26 ਮਾਰਚ, 2018

Under Secretary
Punjab Vidhan Sabha
Chandigarh

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।